Alberta

**ਨਿਊਜ਼** ਰਿਲੀਜ਼

# ਥਰੋਨ ਵੱਲੋਂ ਤਕਰੀਰ: ਐਲਬਰਟਾ ਨੂੰ ਨਤੀਜਿਆਂ ਸਹਿਤ ਅੱਗੇ ਵਧਾਉਣਾ

23 ਅਕਤੂਬਰ 2025

ਐਲਬਰਟਾ ਸਰਕਾਰ ਕਾਰਵਾਈ ਕਰਨ ਅਤੇ ਯੋਜਨਾਵਾਂ ਨੂੰ ਨਤੀਜਿਆਂ 'ਚ ਤਬਦੀਲ ਕਰਨ 'ਤੇ ਕੇਂਦਰਿਤ ਹੈ, ਜਿੰਨ੍ਹਾਂ ਨਤੀਜਿਆਂ 'ਤੇ ਐਲਬਰਟਾ ਵਾਸੀ ਭਰੋਸਾ ਕਰ ਸਕਦੇ ਹਨ।

ਥਰੋਨ ਵੱਲੋਂ 2025 ਦੀ ਪੱਤਝੜ ਰੁੱਤ ਦੀ ਤਕਰੀਰ ਇਸ ਵਿਧਾਨ ਸਭਾ ਸੈਸ਼ਨ ਵਾਸਤੇ ਸਪੱਸ਼ਟ ਦਿਸ਼ਾ ਉਲੀਕਦੀ ਹੈ। ਆਜ਼ਾਦੀਆਂ ਦੀ ਸੁਰੱਖਿਆ ਕਰਨਾਂ, ਐਲਬਰਟਾ ਦੇ ਢੇਰ ਸਾਰੇ ਕੁਦਰਤੀ ਸੋਮਿਆਂ ਦੇ ਜ਼ਿੰਮੇਵਾਰਾਨਾਂ ਢੰਗ ਦੇ ਵਿਕਾਸ ਨੂੰ ਬੜ੍ਹਾਵਾ ਦੇਣਾ, ਜ਼ਰੂਰੀ ਸੇਵਾਵਾਂ ਨੂੰ ਮਜ਼ਬੂਤ ਕਰਨਾਂ ਅਤੇ ਹਰੇਕ ਐਲਬਰਟਾ ਵਾਸੀ ਵਾਸਤੇ ਲੰਮੇਰੇ ਸਮੇਂ ਦੀ ਖੁਸ਼ਹਾਲੀ ਦੀ ਉਸਾਰੀ ਕਰਨਾਂ।

"ਐਲਬਰਟਾ ਨਿਵਾਸੀ ਆਪਣੀਆਂ ਤਰਜੀਹਾਂ ਬਾਰੇ ਸਪੱਸ਼ਟ ਚਲੇ ਆ ਰਹੇ ਹਨ, ਅਤੇ ਇਹ ਸਰਕਾਰ ਉਨ੍ਹਾਂ ਤਰਜੀਹਾਂ ਉੱਪਰ ਕਾਰਵਾਈ ਕਰ ਰਹੀ ਹੈ। ਇਸ ਵਿਧਾਨ ਸਭਾ ਸੈਸ਼ਨ ਦੁਆਰਾ ਅਸੀਂ ਉਨ੍ਹਾਂ ਤਰਜੀਹਾਂ ਨੂੰ ਉਨ੍ਹਾਂ ਪਾਲਿਸੀਆਂ ਸਹਿਤ ਅਮਲ 'ਚ ਲਿਆ ਰਹੇ ਹਾਂ ਜਿਹੜੀਆਂ ਹੈਲਥ ਕੇਅਰ ਨੂੰ ਮਜ਼ਬੂਤ ਕਰਦੀਆਂ, ਕਲਾਸਰੂਮਾਂ 'ਚ ਸੁਧਾਰ ਲਿਆਉਂਦੀਆਂ, ਆਜ਼ਾਦੀਆਂ ਨੂੰ ਸੁਰੱਖਿਅਤ ਕਰਦੀਆਂ ਅਤੇ ਉਨ੍ਹਾਂ ਰਾਸ਼ਟਰੀ ਨਿਰਮਾਣ ਪ੍ਰਾਜੈਕਟਾਂ ਨੂੰ ਅਗਾਂਹ ਵਧਾਉਂਦੀਆਂ ਹਨ ਜਿਹੜੇ ਕੈਨੇਡਾ ਦੇ ਭਵਿੱਖ 'ਚ ਐਲਬਰਟਾ ਦੇ ਇਕ ਚਾਲਕ ਸ਼ਕਤੀ ਵਾਲੇ ਰੋਲ ਨੂੰ ਮਜ਼ਬੂਤ ਬਣਾਉਂਦੇ ਹਨ।"
*Danielle Smith, ਪ੍ਰੀਮੀਅਰ*

"ਐਲਬਰਟਾ ਦੀ ਵਿਧਾਨ ਸਭਾ ਜਦੋਂ ਕਿ ਆਪਣਾ ਪੱਤਝੜ ਰੁੱਤ ਦਾ ਸੈਸ਼ਨ ਸ਼ੁਰੂ ਕਰ ਰਹੀ ਹੈ, ਮੈਂ ਆਪਣੀ ਸੰਵਿਧਾਨਕ ਜ਼ਿੰਮੇਵਾਰੀ ਨਿਭਾਉਂਦਿਆਂ ਅਤੇ ਥਰੋਨ ਵੱਲੋਂ ਤਕਰੀਰ ਪੇਸ਼ ਕਰਦਿਆਂ ਖੁਸ਼ੀ ਮਹਿਸੂਸ ਕਰਦੀ ਹਾਂ। ਅਗਾਂਹ ਆਉਣ ਵਾਲੇ ਹਫਤਿਆਂ 'ਚ, ਮੇਰਾ ਵਿਸ਼ਵਾਸ਼ ਹੈ ਕਿ ਸੂਬੇ ਦੇ ਚੁਣੇ ਹੋਏ ਪ੍ਰਤਿਨਿਧ ਸਾਰੇ ਐਲਬਰਟਾ ਨਿਵਾਸੀਆਂ ਵਾਸਤੇ ਇਕ ਚੰਗੇਰੀ ਦੁਨੀਆਂ ਸਿਰਜਣ ਲਈ ਪੂਰੀ ਲਗਨ, ਦਯਾ-ਭਾਵਨਾਂ ਅਤੇ ਆਪਸੀ ਮਾਣ ਸਤਿਕਾਰ ਸਹਿਤ ਕੰਮ ਕਰਨਗੇ।"
*ਲੈਫਟੀਨੈਂਟ ਗਵਰਨਰ Salma Lakhani*

ਇਹ ਥਰੋਨ ਤਕਰੀਰ ਇਕੱਤਵੀਂ ਵਿਧਾਨ ਸਭਾ ਦੇ ਦੂਸਰੇ ਸੈਸ਼ਨ ਦੀ ਸ਼ੁਰੂਆਤ ਕਰਦੀ ਹੈ। ਇਸ ਸਾਰੇ ਨਵੇਂ ਵਿਧਾਨ ਸਭਾ ਸੈਸ਼ਨ ਦੌਰਾਨ, ਐਲਬਰਟਾ ਸਰਕਾਰ ਕਈ ਸਾਰੀਆਂ ਪ੍ਰਮੁੱਖ ਤਰਜੀਹਾਂ 'ਤੇ ਕੰਮ ਕਰੇਗੀ, ਜਿਵੇਂ ਕਿ ਉਹ ਤਕਰੀਰ ਵਿਚ ਦੱਸੀਆਂ ਗਈਆਂ ਹਨ:

### ਫੈਡਰਲ ਅਤੇ ਯੂ.ਐੱਸ. ਸਬੰਧ

ਐਲਬਰਟਾ ਸਰਕਾਰ ਉਹ ਫੈਸਲੇ ਲੈ ਸਕਣ ਦੇ ਆਪਣੇ ਸੰਵਿਧਾਨਕ ਅਧਿਕਾਰ-ਖੇਤਰ ਦੀ ਹਿਫਾਜ਼ਤ ਕਰਨਾਂ ਅਤੇ ਇਸਦੀ ਵਰਤੋਂ ਕਰਨਾਂ ਜਾਰੀ ਰੱਖੇਗੀ, ਜਿਹੜੇ ਐਲਬਰਟਾ ਦੀਆਂ ਤਰਜੀਹਾਂ ਅਤੇ ਮੁੱਲਾਂ ਨੂੰ ਦਰਸਾਉਂਦੇ ਹਨ। ਸਰਕਾਰ ਸੂਬੇ ਦੇ ਕੁਦਰਤੀ ਸੋਮਿਆਂ ਨੂੰ ਜ਼ਿੰਮੇਵਾਰਾਨਾਂ

Classification: Protected A

ਢੰਗ ਨਾਲ ਵਿਕਸਤ ਕਰਨ ਵਾਸਤੇ ਹੋਰ ਅਧਿਕਾਰ-ਖੇਤਰਾਂ, ਫਸਟ ਨੇਸ਼ਨਾਂ, ਅਤੇ ਇੰਡਸਟਰੀ ਨਾਲ ਭਾਈਵਾਲੀ ਕਰੇਗੀ ਜਦੋਂ ਕਿ ਇਹ ਐਲਬਰਟਾ-ਯੂ.ਐੱਸ. ਸਬੰਧਾਂ ਦੇ ਮਾਮਲੇ 'ਚ ਡਿਪਲੋਮੇਸੀ ਅਤੇ ਸਤਿਕਾਰਪੂਰਨ ਗੱਲਬਾਤ ਦਾ ਤਰੀਕਾ ਵਰਤਣਾ ਜਾਰੀ ਰੱਖੇਗੀ।

**ਆਰਥਿਕਤਾ ਅਤੇ ਬੱਜਟ**

ਸਰਕਾਰ ਊਰਜਾ ਦੀਆਂ ਕੀਮਤਾਂ 'ਚ ਉਤਰਾਵਾਂ ਚੜ੍ਹਾਵਾਂ, ਯੂ.ਐੱਸ. ਟੈਰਿਫਾਂ ਦੇ ਵਿਪਰੀਤ ਪ੍ਰਭਾਵਾਂ ਅਤੇ ਹੋਰ ਬਾਹਰੀ ਖਤਰਿਆਂ ਤੋਂ ਸੂਬੇ ਦੇ ਵਿੱਤ ਅਤੇ ਆਰਥਿਕਤਾ ਨੂੰ ਸੁਰੱਖਿਅਤ ਬਣਾਈ ਰੱਖਣ 'ਤੇ ਆਪਣਾ ਧਿਆਨ ਕੇਂਦਰਿਤ ਕਰੀ ਰੱਖੇਗੀ। ਲਗਾਤਾਰ ਵਿਵਿਧੀਕਰਨ ਵਾਸਤੇ ਸਹਾਇਤਾ ਮੁਹੱਈਆ ਕੀਤੀ ਜਾਵੇਗੀ, ਜਦੋਂ ਕਿ ਕਈ ਸਾਰੀਆਂ ਵਿਧਾਨਕ ਵਿੱਤੀ ਗਾਈਡਲਾਈਨਾਂ ਦੁਆਰਾ ਖਰਚਿਆਂ ਨੂੰ ਨਿਯਮਤ ਰੱਖਿਆ ਜਾਵੇਗਾ। ਐਲਬਰਟਾ ਹੈਰੀਟੇਜ ਸੇਵਿੰਗਜ਼ ਟਰੱਸਟ ਫੰਡ ਨੂੰ 2050 ਤੱਕ 250 ਬਿਲੀਅਨ ਡਾਲਰਾਂ ਤੋਂ ਵੱਧ ਤੱਕ ਵਧਾਉਣ ਦੀਆਂ ਯੋਜਨਾਵਾਂ ਉਵੇਂ ਬਣੀਆਂ ਅਤੇ ਸਹੀ ਰਾਹ 'ਤੇ ਰਹਿਣਗੀਆਂ।

**ਇੰਮੀਗਰੇਸ਼ਨ ਅਤੇ ਇੰਨਫ੍ਰਾਸਟ੍ਰੱਕਚਰ**

ਨਵੇਂ ਆਉਣ ਵਾਲੇ, ਸੂਬੇ ਦੇ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਤਾਣੇ ਬਾਣੇ ਦੇ ਇਕ ਅਨਿੱਖੜ ਅੰਗ ਵਜੋਂ ਨਿੱਘਾ ਸਵਾਗਤ ਪ੍ਰਾਪਤ ਕਰਨਾਂ ਜਾਰੀ ਰੱਖਣਗੇ। ਸਰਕਾਰ ਇੰਮੀਗਰੇਸ਼ਨ ਉੱਪਰ ਮੌਜੂਦਾ ਫੈਡਰਲ ਪਾਲਿਸੀਆਂ ਤਹਿਤ ਮਿਲਦੇ ਕੰਟਰੋਲ ਨਾਲੋਂ ਵਧੇਰੇ ਕੰਟਰੋਲ ਪ੍ਰਾਪਤ ਕਰਨ ਅਤੇ ਇਸ ਸਬੰਧੀ ਵਧੇਰੇ ਟਿਕਾਊ ਪ੍ਰਕਾਰ ਦੀ ਪਹੁੰਚ ਅਪਣਾਉਣ ਲਈ ਕੋਸ਼ਿਸ਼ਾਂ ਕਰੇਗੀ। ਸਰਕਾਰ ਟ੍ਰਾਂਸਪੋਰਟੇਸ਼ਨ ਨੈੱਟਵਰਕਾਂ, ਹੋਰ ਇੰਨਫ੍ਰਾਸਟ੍ਰੱਕਚਰ ਅਤੇ ਸਮਾਜਿਕ ਸੇਵਾਵਾਂ, ਜਿਹੜੀਆਂ ਹੁਣ ਵੱਸੋਂ ਦੇ ਵਾਧੇ ਨਾਲ ਦਬਾਵਾਂ ਹੇਠ ਹਨ, ਵਿਚ ਰਣਨੀਤਕ ਢੰਗ ਨਾਲ ਪੂੰਜੀ-ਨਿਵੇਸ਼ ਕਰਨਾਂ ਜਾਰੀ ਰੱਖੇਗੀ।

**ਵਿਦਿਆ**

ਪਿਛਲੇ ਤਿੰਨ ਸਾਲਾਂ 'ਚ 90,000 ਤੋਂ ਵਧੇਰੇ ਵਿਦਿਆਰਥੀਆਂ ਦੇ ਤੇਜ਼ੀ ਨਾਲ ਹੋਏ ਵਾਧੇ ਨਾਲ ਨਜਿੱਠਣ ਲਈ ਵਿਦਿਅਕ ਪ੍ਰਬੰਧ 'ਚ ਪੂੰਜੀ-ਨਿਵੇਸ਼ ਕਰਨ ਨੂੰ ਤਰਜੀਹ ਦਿੱਤੀ ਜਾਵੇਗੀ। ਸਰਕਾਰ ਨੇ ਸੂਬੇ ਭਰ 'ਚ 130 ਸਕੂਲ ਉਸਾਰਨ ਅਤੇ 200,000 ਨਵੀਆਂ ਸਕੂਲੀ ਅਸਾਮੀਆਂ ਖੋਲ੍ਹਣ ਲਈ 8.6 ਬਿਲੀਅਨ ਡਾਲਰ ਦੀ ਵਚਨਬਧਤਾ ਕੀਤੀ ਹੈ। ਇਹ ਫੰਡਿੰਗ ਕਲਾਸਰੂਮਾਂ ਨੂੰ ਮਜ਼ਬੂਤ ਕਰੇਗੀ ਅਤੇ ਇਸ ਨਾਲ ਸਿੱਖਿਆ ਪ੍ਰਦਾਨਕਰਤਿਆਂ ਨੂੰ, ਹਰੇਕ ਵਿਦਿਆਰਥੀ ਨੂੰ ਉਸ ਦੀਆਂ ਸੰਪੂਰਨ ਸੰਭਾਵਨਾਵਾਂ ਪ੍ਰਾਪਤ ਕਰਨ 'ਚ ਮਦਦ ਕਰਨ ਲਈ, ਲੋੜੀਂਦੀ ਸਹਾਇਤਾ ਪ੍ਰਾਪਤ ਹੋਵੇਗੀ।

**ਹੈਲਥ ਕੇਅਰ**

ਪ੍ਰਾਇਮਰੀ ਅਤੇ ਪ੍ਰੀਵੈਂਟਿਵ ਕੇਅਰ, ਕਾਂਟੀਨਿਊਇੰਗ ਕੇਅਰ, ਮੈਂਟਲ ਹੈਲਥ ਅਤੇ ਕੰਪੈਸ਼ਨੇਟ ਇੰਟਰਵੈਂਸ਼ਨ ਖੇਤਰਾਂ 'ਚ ਚੱਲ ਰਹੇ ਪੂੰਜੀ-ਨਿਵੇਸ਼ਾਂ ਦੁਆਰਾ ਐਲਬਰਟਾ ਦਾ ਹੈਲਥ ਕੇਅਰ ਇਕ ਨਵੇਂ ਯੁੱਗ 'ਚ ਦਾਖਲ ਹੋਵੇਗਾ, ਅਤੇ ਐਲਬਰਟਾ ਨਿਵਾਸੀਆਂ ਨੂੰ ਉਨ੍ਹਾਂ ਵੱਲੋਂ ਲੋੜੀਂਦੀ ਸਿਹਤ ਸੰਭਾਲ, ਜਦੋਂ ਵੀ ਅਤੇ ਜਿੱਥੇ ਵੀ ਉਨ੍ਹਾਂ ਨੂੰ ਲੋੜ ਹੋਵੇ, ਤੱਕ ਵਧੇਰੇ ਤੇਜ਼ ਅਤੇ ਵਧੇਰੇ ਭਰੋਸੇਯੋਗ ਪਹੁੰਚ ਹਾਸਲ ਹੋਵੇਗੀ।

**ਨਿਆਂ ਅਤੇ ਪਬਲਿਕ ਸੁਰੱਖਿਆ**

ਨਿਊਜ਼ ਰਿਲੀਜ਼

ਐਲਬਰਟਾ ਨਿਵਾਸੀਆਂ ਦੇ ਨਿੱਜੀ ਹੱਕ ਅਤੇ ਆਜ਼ਾਦੀ ਦੀ ਸੁਰੱਖਿਆ ਹੋਵੇਗੀ, ਜਦੋਂ ਕਿ ਪੁਲਿਸ ਸੇਵਾਵਾਂ ਅਤੇ ਪਬਲਿਕ ਸੁਰੱਖਿਆ 'ਚ ਰਣਨੀਤਕ ਢੰਗ ਨਾਲ ਪੂੰਜੀ-ਨਿਵੇਸ਼ ਕੀਤੇ ਜਾਣਗੇ।

**ਪ੍ਰਭੂਸੱਤਾ**

ਪਾਲਿਸੀ, ਜਿਹੜੀ ਇਕ ਸੰਯੁਕਤ ਕੈਨੇਡਾ ਅੰਦਰ ਇਕ ਮਜ਼ਬੂਤ, ਆਜ਼ਾਦ ਅਤੇ ਪ੍ਰਭੂਸੱਤਾ-ਸੰਪੰਨ ਐਲਬਰਟਾ ਨੂੰ ਸਮਰਥਨ ਦਿੰਦੀ ਹੈ, ਸਰਕਾਰ ਦੇ ਵਿਧਾਨਕ ਆਦੇਸ਼ਾਂ ਨੂੰ ਅਗਵਾਈ ਦੇਣੀ ਜਾਰੀ ਰੱਖੇਗੀ। ਫੈਡਰਲ ਸਰਕਾਰ ਦੀਆਂ ਕਿਸੇ ਵੀ ਉਨਾਂ ਪਾਲਿਸੀਆਂ ਦਾ ਤਕੜਾ ਅਤੇ ਦ੍ਰਿੜ ਵਿਰੋਧ ਹੋਵੇਗਾ ਜਿਹੜੀਆਂ ਸੂਬੇ ਅਤੇ ਰਾਸ਼ਟਰ ਦੀ ਆਰਥਿਕ ਖੁਸ਼ਹਾਲੀ ਲਈ ਖਤਰਾ ਬਣਦੀਆਂ ਹੋਣਗੀਆਂ।

**ਸਬੰਧਤ ਜਾਣਕਾਰੀ**

- ਸਿੰਘਾਸਨ ਭਾਸ਼ਣ ਦੀਆਂ ਮੁੱਖ ਝਲਕੀਆਂ
- ਸਿੰਘਾਸਨ ਭਾਸ਼ਣ ਦਾ ਪਾਠ

**ਮਲਟੀਮੀਡੀਆ**

- ਸਿੰਘਾਸਨ ਭਾਸ਼ਣ ਦੇਖੋ

**ਮੀਡੀਆ ਇੰਨਕੁਆਰੀਆਂ**

Sam Blackett
sam.blackett@gov.ab.ca
587-589-6048
ਪ੍ਰੈੱਸ ਸੈਕਰੇਟਰੀ, ਆਫਿਸ ਆਫ ਦਿ ਪ੍ਰੀਮੀਅਰ

Classification: Protected A